# ਘਰੇਲੂ ਬਲੀਚ (5.25% ਬਲੀਚ) ਦੀ ਵਰਤੋਂ ਨਾਲ ਰੋਗਾਣੂਨਾਸ਼ਕ ਘੋਲ:

| **ਸਾਦੇ ਪੱਧਰ ਦਾ ਰੋਗਾਣੂਨਾਸ਼ਕ**<br>100 ਪੀ.ਪੀ.ਐਮ.*<br>(ਬਲੀਚ ਦਾ ਪਾਣੀ ਵਿੱਚ 1:500 ਪਤਲਾਪਣ) | **ਦਰਮਿਆਨੇ ਪੱਧਰ ਦਾ ਰੋਗਾਣੂਨਾਸ਼ਕ**<br>1000 ਪੀ.ਪੀ.ਐਮ.*<br>(ਬਲੀਚ ਦਾ ਪਾਣੀ ਵਿੱਚ 1:50 ਪਤਲਾਪਣ) | **ਉੱਚ ਪੱਧਰ ਦਾ ਰੋਗਾਣੂਨਾਸ਼ਕ**<br>5000 ਪੀ.ਪੀ.ਐਮ.*<br>(ਬਲੀਚ ਦਾ ਪਾਣੀ ਵਿੱਚ 1:10 ਪਤਲਾਪਣ) |
|---|---|---|
| ਸਾਦਾ ਰੋਗਾਣੂਨਾਸ਼ਕ ਉਹਨਾਂ ਚੀਜ਼ਾਂ ਲਈ ਹੁੰਦਾ ਹੈ ਜੋ ਅਣਛੂਹੀ ਚਮੜੀ ਦੇ ਸੰਪਰਕ ਵਿੱਚ ਆਉਂਦੀਆਂ ਹਨ, ਜਾਂ ਉਹ ਚੀਜ਼ਾਂ ਜੋ ਆਮ ਤੌਰ ’ਤੇ ਗਾਹਕ ਨੂੰ ਨਹੀਂ ਛੂੰਹਦੀਆਂ।<br>ਰੁਟੀਨ ਦੀ ਦੇਖਭਾਲ ਲਈ ਵਰਤਿਆ ਜਾਂਦਾ ਹੈ। | ਦਰਮਿਆਨੇ ਪੱਧਰ ਦਾ ਰੋਗਾਣੂਨਾਸ਼ਕ ਉਹਨਾਂ ਚੀਜ਼ਾਂ ਲਈ ਹੁੰਦਾ ਹੈ ਜੋ ਛੂਹੀ ਜਾਣ ਵਾਲੀ ਚਮੜੀ ਜਾਂ ਮਿਊਕਸ ਝਿੱਲੀਆਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਪਰ ਉਹਨਾਂ ਅੰਦਰ ਦਾਖਲ ਨਹੀਂ ਹੁੰਦੀਆਂ। | ਉੱਚ ਪੱਧਰ ਦਾ ਰੋਗਾਣੂਨਾਸ਼ਕ ਉਹਨਾਂ ਚੀਜ਼ਾਂ ਲਈ ਹੁੰਦਾ ਹੈ ਜੋ ਛੂਹੀ ਜਾਣ ਵਾਲੀ ਚਮੜੀ ਜਾਂ ਮਿਊਕਸ ਝਿੱਲੀਆਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਪਰ ਉਹਨਾਂ ਅੰਦਰ ਦਾਖਲ ਨਹੀਂ ਹੁੰਦੀਆਂ ਜਾਂ ਇਹ ਡੁੱਲ੍ਹੇ ਹੋਏ ਖ਼ੂਨ ਨੂੰ ਸਾਫ਼ ਕਰਨ ਲਈ ਹੁੰਦਾ ਹੈ। |
| **ਰਲਾਓ**<br>1 ਛੋਟੇ ਚਮਚੇ ਬਲੀਚ ਨੂੰ 10 ਕੱਪ ਪਾਣੀ ਵਿੱਚ<br>**ਜਾਂ**<br>5 ਮਿਲੀਲਿਟਰ ਬਲੀਚ ਨੂੰ 2 ½ ਲਿਟਰ ਪਾਣੀ ਵਿੱਚ | **ਰਲਾਓ**<br>2 ਛੋਟੇ ਚਮਚੇ ਬਲੀਚ ਨੂੰ 2 ਕੱਪ ਪਾਣੀ ਵਿੱਚ<br>**ਜਾਂ**<br>10 ਮਿਲੀਲਿਟਰ ਬਲੀਚ ਨੂੰ 500 ਮਿਲੀਲਿਟਰ ਪਾਣੀ ਵਿੱਚ | **ਰਲਾਓ**<br>¼ ਕੱਪ ਬਲੀਚ ਨੂੰ 2 ¼ ਕੱਪ ਪਾਣੀ ਵਿੱਚ<br>**ਜਾਂ**<br>63 ਮਿਲੀਲਿਟਰ ਬਲੀਚ ਨੂੰ 562 ਮਿਲੀਲਿਟਰ ਪਾਣੀ ਵਿੱਚ |
| **ਸੰਪਰਕ ਵਿੱਚ ਰੱਖਣ ਦਾ ਸਮਾਂ**<br>10 ਮਿੰਟ | **ਸੰਪਰਕ ਵਿੱਚ ਰੱਖਣ ਦਾ ਸਮਾਂ**<br>10 ਮਿੰਟ | **ਸੰਪਰਕ ਵਿੱਚ ਰੱਖਣ ਦਾ ਸਮਾਂ**<br>10 ਮਿੰਟ |

ਵਾਧੂ ਟਿੱਪਣੀਆਂ:

- ਰੋਗਾਣੂਮੁਕਤ ਕਰਨ ਵਾਲੀ ਥਾਂ ਜਾਂ ਉਪਕਰਣ ਨੂੰ ਰੋਗਾਣੂਮੁਕਤ ਕਰਨ ਤੋਂ ਪਹਿਲਾਂ ਲਾਜ਼ਮੀ ਤੌਰ ’ਤੇ ਸਾਬਣ ਅਤੇ ਪਾਣੀ ਨਾਲ ਸਾਫ਼ ਕਰਨਾ ਚਾਹੀਦਾ ਹੈ।
- ਰੋਜ਼ਾਨਾ ਇੱਕ ਨਵਾਂ ਤਾਜ਼ਾ ਬਲੀਚ ਘੋਲ ਲਾਜ਼ਮੀ ਤੌਰ ’ਤੇ ਤਿਆਰ ਕੀਤਾ ਜਾਣਾ ਚਾਹੀਦਾ ਹੈ।
- ਯਕੀਨੀ ਬਣਾਓ ਕਿ ਬਲੀਚ ਘੋਲਾਂ ਲਈ ਵਰਤੀਆਂ ਜਾਂਦੀਆਂ ਬੋਤਲਾਂ ਉੱਪਰ ਲੇਬਲ ਲੱਗੇ ਹੋਏ ਹੋਣ।

*ਰਲਾਏ ਜਾਣ ਵਾਲੇ ਨੁਸਖੇ ਦੇ ਸਰਲੀਕਰਣ ਕਰਕੇ ਗਾੜ੍ਹਾਪਣ ਅੰਦਾਜ਼ਨ ਹੁੰਦਾ ਹੈ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ ਪੀਲ ਪਬਲਿਕ ਹੈਲਥ (Peel Public Health) ਨੂੰ 905-799-7700 ’ਤੇ ਕਾਲ ਕਰੋ ਅਤੇ ਕਿਸੇ ਪਬਲਿਕ ਹੈਲਥ ਇੰਸਪੈਕਟਰ ਨਾਲ ਗੱਲ ਕਰਨ ਲਈ ਕਹੋ।

The Ministry of Health and Long Term Care, 2009 ਦੇ *Infection Prevention and Control Best Practices for Personal Services Settings*, ਤੋਂ ਅਪਣਾਇਆ ਗਿਆ।

Region of Peel
Working for you
Public Health